
**Punjabi**

# ਬੱਚਿਆਂ ਵਿੱਚ ਕੰਨ ਦੇ ਸੰਕ੍ਰਮਣ (ਕੰਨ ਦੇ ਵਿਚਕਾਰਲੇ ਹਿੱਸੇ ਦੀ ਸੋਜਿਸ਼) ਦੀ ਜਾਣਕਾਰੀ
# (Learning About Ear Infections (Otitis Media) in Children)




## ਕੰਨ ਦਾ ਸੰਕ੍ਰਮਣ ਕੀ ਹੁੰਦਾ ਹੈ?
**(What is an ear infection?)**

ਕੰਨ ਦਾ ਸੰਕ੍ਰਮਣ ਕੰਨ ਦੇ ਪਰਦੇ ਪਿੱਛੇ ਹੋਣ ਵਾਲਾ ਸੰਕ੍ਰਮਣ ਹੁੰਦਾ ਹੈ। ਬੱਚਿਆਂ ਵਿੱਚ ਪਾਏ ਜਾਣ ਵਾਲੇ ਕੰਨ ਦੇ ਆਮ ਸੰਕ੍ਰਮਣ ਨੂੰ ਕੰਨ ਦੇ ਵਿਚਕਾਰਲੇ ਹਿੱਸੇ ਦੀ ਸੋਜਿਸ਼ (ਓਟਿਟਿਸ ਮੀਡਿਆ) ਕਿਹਾ ਜਾਂਦਾ ਹੈ। ਇਹ ਵਾਇਰਸ ਜਾਂ ਬੈਕਟੀਰਿਆ ਕਰਕੇ ਹੋ ਸਕਦਾ ਹੈ।

ਕੰਨ ਦਾ ਸੰਕ੍ਰਮਣ ਆਮ ਤੌਰ ਤੇ ਜੁਕਾਮ ਨਾਲ ਸ਼ੁਰੂ ਹੁੰਦਾ ਹੈ। ਜੁਕਾਮ ਨਾਲ ਕੰਨ ਨੂੰ ਗਲੇ ਨਾਲ ਜੋੜਨ ਵਾਲੀ ਛੋਟੀ ਟਿਊਬ ਵਿੱਚ ਸੋਜਿਸ਼ ਆ ਜਾਂਦੀ ਹੈ। ਇਹਨਾਂ ਟਿਊਬਾਂ ਨੂੰ ਯੂਸਟੇਸ਼ਨ(Eustachian (say "yoo-STAY-shun"( ਮਤਲਬ "ਯੂ-ਸਟੇ-ਸ਼ਨ") ਟਿਊਬਾਂ ਕਿਹਾ ਜਾਂਦਾ ਹੈ। ਸੋਜਿਸ਼ ਕਾਰਨ ਟਿਊਬ ਬੰਦ ਹੋ ਸਕਦੀ ਹੈ ਅਤੇ ਕੰਨ ਵਿੱਚ ਤਰਲ ਜਮ੍ਹਾਂ ਹੋ ਜਾਂਦਾ ਹੈ। ਇਸ ਨਾਲ ਬੈਕਟੀਰਿਆ ਜਾਂ ਵਾਇਰਸ ਦੇ ਪੈਦਾ ਹੋਣ ਲਈ ਉਚਿਤ ਮਾਹੌਲ ਬਣ ਜਾਂਦਾ ਹੈ ਅਤੇ ਸੰਕ੍ਰਮਣ ਹੋ ਜਾਂਦਾ ਹੈ।

ਕੰਨ ਦਾ ਸੰਕ੍ਰਮਣ ਜਿਆਦਤਰ ਨੌਜਵਾਨ ਬੱਚਿਆਂ ਵਿੱਚ ਹੁੰਦਾ ਹੈ। ਅਜਿਹਾ ਇਸ ਕਰਕੇ ਹੁੰਦਾ ਹੈ ਕਿਉਂਕਿ ਉਹਨਾਂ ਦਾ ਯੂਸਟੇਸ਼ਨ ਛੋਟਾ ਹੁੰਦਾ ਹੈ ਅਤੇ ਆਸਾਨੀ ਨਾਲ ਬੰਦ ਹੋ ਸਕਦਾ ਹੈ।

ਕੰਨ ਦਾ ਸੰਕ੍ਰਮਣ ਬਹੁਤ ਦਰਦਨਾਕ ਹੋ ਸਕਦਾ ਹੈ। ਜਿਹਨਾਂ ਬੱਚਿਆਂ ਨੂੰ ਕੰਨ ਦਾ ਸੰਕ੍ਰਮਣ ਹੁੰਦਾ ਹੈ ਉਹ ਅਕਸਰ ਚਿੰਤਿਤ ਰਹਿੰਦੇ ਹਨ, ਰੋਣ ਲੱਗ ਜਾਂਦੇ ਹਨ, ਆਪਣੇ ਕੰਨਾਂ ਨੂੰ ਖਿੱਚਦੇ ਹਨ ਅਤੇ ਉਹਨਾਂ ਨੂੰ ਨੀਂਦ ਵੀ ਸਹੀ ਢੰਗ ਨਾਲ ਨਹੀਂ ਆਉਂਦੀ। ਵੱਡੇ ਬੱਚੇ ਤੁਹਾਨੂੰ ਅਕਸਰ ਦੱਸ ਦਿੰਦੇ ਹਨ ਕਿ ਉਹਨਾਂ ਦੇ ਕੰਨ ਵਿੱਚ ਦਰਦ ਹੋ ਰਿਹਾ ਹੈ।

## ਕੰਨ ਦੇ ਸੰਕ੍ਰਮਣ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?
**(How are ear infections treated?)**

ਤੁਹਾਡਾ ਡਾਕਟਰ ਬੱਚੇ ਦੀ ਉਮਰ ਅਤੇ ਲੱਛਣਾਂ ਦੇ ਅਧਾਰ ਉੱਤੇ ਤੁਹਾਡੇ ਨਾਲ ਇਲਾਜ ਸੰਬੰਧੀ ਵਿਚਾਰ ਕਰਦਾ ਹੈ। ਜਿਆਦਾਤਰ ਬੱਚਿਆਂ ਨੂੰ ਆਰਾਮ ਅਤੇ ਘਰੇਲੂ ਦੇਖਭਾਲ ਦੀ ਹੀ ਲੋੜ ਹੁੰਦੀ ਹੈ।

ਦਰਦ ਨਿਵਾਰਕ ਦਵਾਈਆਂ ਦੀ ਨਿਯਮਿਤ ਖੁਰਾਕ ਬੁਖਾਰ ਨੂੰ ਘੱਟ ਕਰਨ ਲਈ ਅਤੇ ਤੁਹਾਡੇ ਬੱਚੇ ਨੂੰ ਬਿਹਤਰ ਮਹਿਸੂਸ ਕਰਵਾਉਣ ਲਈ ਸਭ ਤੋਂ ਬਿਹਤਰ ਤਰੀਕਾ ਹੁੰਦਾ ਹੈ।

- ਤੁਸੀਂ ਬੁਖਾਰ ਜਾਂ ਦਰਦ ਲਈ ਆਪਣੇ ਬੱਚੇ ਨੂੰ acetaminophen (Tylenol) ਜਾਂ ibuprofen (Advil, Motrin) ਦੇ ਸਕਦੇ ਹੋ। ਜੇਕਰ ਤੁਹਾਡਾ ਬੱਚਾ 6 ਮਹੀਨੇ ਤੋਂ ਘੱਟ ਉਮਰ ਦਾ ਹੈ ਤਾਂ ਡਾਕਟਰ ਦੀ ਸਲਾਹ ਤੋਂ ਬਿਨਾਂ ਉਸਨੂੰ ibuprofen ਨਹੀਂ ਦੇਣੀ ਚਾਹੀਦੀ। ਦਵਾਈਆਂ ਦਾ ਇਸਤੇਮਾਲ ਹਮੇਸ਼ਾ ਧਿਆਨਪੂਰਵਕ ਕਰਨਾ ਚਾਹਿਦਾ ਹੈ।6 ਮਹੀਨੇ ਅਤੇ ਇਸਤੋਂ ਵੱਧ ਉਮਰ ਦੇ ਬੱਚਿਆਂ ਲਈ ਹੇਠਾਂ ਲੇਬਲ ਉੱਤੇ ਦਿੱਤੀਆਂ ਸਾਰੀਆਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

- ਤੁਹਾਡੇ ਬੱਚੇ ਦੇ ਦਰਦ ਨੂੰ ਘੱਟ ਕਰਨ ਲਈ ਤੁਹਾਡਾ ਡਾਕਟਰ ਤੁਹਾਨੂੰ ਕੰਨ ਵਿੱਚ ਪਾਉਣ ਵਾਲੀ ਦਵਾਈ ਵੀ ਦੇ ਸਕਦਾ ਹੈ।
- 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ aspirin ਨਾ ਦਿਓ। ਇਸ ਨਾਲ Reye syndrome ਹੋਣ ਦਾ ਖਤਰਾ ਹੁੰਦਾ ਹੈ ਜੋ ਕਿ ਇੱਕ ਗੰਭੀਰ ਬਿਮਾਰੀ ਹੈ।

ਡਾਕਟਰ ਅਕਸਰ ਕੰਨ ਦੇ ਸੰਕ੍ਰਮਣ ਦਾ ਇਲਾਜ ਕਰਨ ਲਈ ਇੰਤਜ਼ਾਰ ਕਰਨ ਦੇ ਤਰੀਕੇ ਦਾ ਇਸਤੇਮਾਲ ਕਰਦੇ ਹਨ ਅਤੇ ਅਜਿਹਾ ਉਹ ਖਾਸ ਤੌਰ ਤੇ 6 ਮਹੀਨੇ ਅਤੇ ਇਸਤੋਂ ਵੱਧ ਉਮਰ ਦੇ ਬੱਚਿਆਂ ਦੇ ਮਾਮਲੇ ਵਿੱਚ ਕਰਦੇ ਹਨ ਜੋ ਗਭੀਰ ਰੂਪ ਵਿੱਚ ਬਮਾਰ ਨਹੀਂ ਹੁੰਦੇ। ਇਹ ਦੇਖਣ ਲਈ ਡਾਕਟਰ 2 ਜਾਂ 3 ਦਿਨ ਇੰਤਜ਼ਾਰ ਕਰ ਸਕਦਾ ਹੈ ਕਿ ਕੀ ਕੰਨ ਦਾ ਸੰਕ੍ਰਮਣ ਆਪਣੇ ਆਪ ਠੀਕ ਹੋ ਰਿਹਾ ਹੈ ਜਾਂ ਨਹੀਂ। ਜੇਕਰ ਦਰਦ ਨਿਵਾਰਕ ਦਵਾਈਆਂ ਸਮੇਤ ਘਰੇਲੂ ਦੇਖਭਾਲ ਨਾਲ ਬੱਚੇ ਵਿੱਚ ਸੁਧਾਰ ਨਹੀਂ ਆਉਂਦਾ ਤਾਂ ਡਾਕਟਰ ਐਂਟੀਬਾਇਓਟਿਕਸ ਦੀ ਸਲਾਹ ਦੇ ਸਕਦਾ ਹੈ।

## ਕੰਨ ਦੇ ਸੰਕ੍ਰਮਣ ਲਈ ਡਾਕਟਰ ਹਮੇਸ਼ਾ ਐਂਟੀਬਾਇਓਟਿਕਸ ਦੀ ਸਲਾਹ ਕਿਉਂ ਨਹੀਂ ਦਿੰਦੇ?

**(Why don’t doctors always prescribe antibiotics for ear infections?)**

ਕੰਨ ਦੇ ਸੰਕ੍ਰਮਣ ਦੇ ਇਲਾਜ ਲਈ ਐਂਟੀਬਾਇਓਟਿਕਸ ਅਕਸਰ ਜਰੂਰੀ ਨਹੀਂ ਹੁੰਦੇ।

- ਜਿਆਦਾਤਰ ਕੰਨ ਦਾ ਸੰਕ੍ਰਮਣ ਆਪਣੇ ਆਪ ਠੀਕ ਹੋ ਜਾਂਦਾ ਹੈ। ਇਹ ਭਾਵੇਂ ਬੈਕਟੀਰਿਆ ਨਾਲ ਹੋਇਆ ਹੋਵੇ ਜਾਂ ਵਾਇਰਸ ਨਾਲ ਇਹ ਅਕਸਰ ਆਪਣੇ ਆਪ ਠੀਕ ਹੋ ਜਾਂਦਾ ਹੈ।
- ਐਂਟੀਬਾਇਓਟਿਕਸ ਸਿਰਫ ਬੈਕਟੀਰਿਆ ਨੂੰ ਖਤਮ ਕਰਦੇ ਹਨ। ਇਹਨਾਂ ਨਾਲ ਵਾਇਰਸ ਕਰਕੇ ਹੋਣ ਵਾਲੇ ਸੰਕ੍ਰਮਣ ਤੋਂ ਰਾਹਤ ਨਹੀਂ ਮਿਲਦੀ।
- ਐਂਟੀਬਾਇਓਟਿਕਸ ਨਾਲ ਦਰਦ ਦੂਰ ਨਹੀਂ ਹੁੰਦਾ।

ਜੇਕਰ ਜਰੂਰਤ ਨਾ ਹੋਵੇ ਤਾਂ ਐਂਟੀਬਿਓਟਿਕਸ ਦਾ ਇਸਤੇਮਾਲ ਨਾ ਕਰਨ ਦੇ ਕਾਰਨ ਹਨ।

- ਐਂਟੀਬਾਇਓਟਿਕਸ ਦੀ ਵਧੇਰੇ ਖ਼ੁਰਾਕ ਖਤਰਨਾਕ ਹੋ ਸਕਦੀ ਹੈ। ਜੇਕਰ ਜਰੂਰਤ ਨਾ ਪੈਣ ਸਮੇਂ ਤੁਹਾਡਾ ਬੱਚਾ ਐਂਟੀਬਾਇਓਟਿਕਸ ਲੈਂਦਾ ਹੈ ਤਾਂ ਇਸਦੀ ਜਰੂਰਤ ਨਾ ਪੈਣ ਦੀ ਸੂਰਤ ਵਿੱਚ ਇਹ ਦਵਾਈ ਅਸਰ ਨਹੀਂ ਕਰਦੀ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਬੈਕਟੀਰਿਆ ਐਂਟੀਬਾਇਓਟਿਕਸ ਦੇ ਪ੍ਰਭਾਵ ਨੂੰ ਖਤਮ ਕਰ ਸਕਦੇ ਹਨ।
- ਐਂਟੀਬਾਇਓਟਿਕਸ ਦੇ ਮਾੜੇ ਪ੍ਰਭਾਵ ਪੈ ਸਕਦੇ ਹਨ ਜਿਵੇਂ ਕਿ ਪੇਟ ਦੀਆਂ ਬਿਮਾਰੀਆਂ ਹੋਣਾ, ਉਲਟੀਆਂ ਆਉਣਾ, ਧੱਫੜ ਅਤੇ ਦਸਤ ਹੋਣਾ। ਇਸ ਨਾਲ ਯੋਨੀ ਦਾ ਯੀਸਟ (yeast) ਸੰਕਰਮਣ ਵੀ ਹੋ ਸਕਦਾ ਹੈ।

ਬੱਚੇ ਦੇ ਇਲਾਜ ਅਤੇ ਸੁਰੱਖਿਆ ਲਈ ਫੌਲੋ-ਅੱਪ (ਬਾਰ-ਬਾਰ) ਦੇਖਭਾਲ ਬਹੁਤ ਜਰੂਰੀ ਹੁੰਦੀ ਹੈ। ਤੁਹਾਨੂੰ ਅਪੌਇੰਟਮੈਂਟਾਂ ਉੱਤੇ ਜਾਣਾ ਚਾਹਿਦਾ ਹੈ, ਅਤੇ ਜੇਕਰ ਤੁਹਾਡਾ ਬੱਚਾ ਮੁਸ਼ਕਿਲ ਵਿੱਚ ਹੈ ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਨਰਸ ਨੂੰ ਕਾਲ ਕਰਨੀ ਚਾਹੀਦੀ ਹੈ। ਤੁਹਾਡੇ ਬੱਚੇ ਦੀ ਜਾਂਚ ਦੇ ਨਤੀਜਿਆਂ ਨੂੰ ਧਿਆਨ ਵਿੱਚ ਰੱਖਣਾ ਅਤੇ ਤੁਹਾਡੇ ਬੱਚੇ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦੀ ਸੂਚੀ ਬਣਾਉਣਾ ਵੀ ਚੰਗੀ ਗੱਲ ਹੈ।

## ਤੁਸੀਂ ਹੋਰ ਜਾਣਕਾਰੀ ਕਿੱਥੇ ਹਾਸਿਲ ਕਰ ਸਕਦੇ ਹੋ?

**(Where can you learn more?)**

www.myhealth.alberta.ca ‘ਤੇ ਜਾਓ।

24/7 ਨਰਸ ਦੀ ਸਲਾਹ ਲੈਣ ਲਈ ਅਤੇ ਸਿਹਤ ਸੰਬੰਧੀ ਆਮ ਜਾਣਕਾਰੀ ਲਈ 811 ਉੱਤੇ Health Link ਨੂੰ ਕਾਲ ਕਰੋ।ਜੇਕਰ ਤੁਹਾਨੂੰ ਕਿਸੇ ਵਿਆਖਿਆਕਾਰ ਦੀ ਲੋੜ ਹੈ ਤਾਂ ਆਪਣੀ ਪਸੰਦ ਦੀ ਭਾਸ਼ਾ ਨੂੰ ਚੁਣੋ।

**ਮੌਜੂਦਾ:** ਮਾਰਚ 28, 2018
**ਸਰੋਤ:** www. myhealth.alberta.ca

Healthwise Inc.© ਦੀ ਮੰਜੂਰੀ ਨਾਲ ਅਨੁਵਾਦ ਕੀਤਾ ਗਿਆ। ਇਹ ਮਟੀਰੀਅਲ ਸਿਰਫ ਜਾਣਕਾਰੀ ਦੇ ਉਦੇਸ਼ ਲਈ ਹੈ ਅਤੇ ਇਸਦਾ ਉਦੇਸ਼ ਤੁਹਾਡੇ ਡਾਕਟਰ ਜਾਂ ਦੂਸਰੇ ਸਿਹਤ ਦੇਖਭਾਲ ਅਧਿਕਾਰੀਆਂ ਦੁਆਰਾ ਤੁਹਾਨੂੰ ਦਿੱਤੀ ਜਾਣ ਵਾਲੀ ਦੇਖਭਾਲ ਸੰਬੰਧੀ ਸਲਾਹ ਨੂੰ ਤਬਦੀਲ ਕਰਨਾ ਨਹੀਂ ਹੈ। ਡਾਕਟਰੀ ਜਾਂਚ ਅਤੇ ਇਲਾਜ ਲਈ ਹਮੇਸ਼ਾ ਆਪਣੇ ਸਿਹਤ ਅਧਿਕਾਰੀ ਨਾਲ ਸੰਪਰਕ ਕਰੋ।